# ਪੰਜਾਬ ਵਿਧਾਨ ਸਭਾ ਸਕੱਤਰੇਤ

ਬੁੱਧਵਾਰ, ਮਿਤੀ 21 ਮਾਰਚ, 2018 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਸਵੇਰ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।

## ਸ਼ਗਨ ਸਕੀਮ ਦੇ ਪੈਂਡਿੰਗ ਕੇਸਾਂ ਦੀ ਗਿਣਤੀ

136. **ਸਰਦਾਰ ਲਖਵੀਰ ਸਿੰਘ ਲੱਖਾ, ਐਮ.ਐਲ.ਏ.**:- ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਵਿਧਾਨ ਸਭਾ ਹਲਕਾ ਪਾਇਲ ਨਾਲ ਸਬੰਧਤ 2012 ਤੋਂ 2017 ਦੇ ਸਮੇਂ ਲਈ ਸ਼ਗਨ ਸਕੀਮ ਅਧੀਨ ਅਦਾਇਗੀਆਂ ਲਈ ਯੋਗ ਪਏ ਲੰਬਿਤ ਕੇਸਾਂ ਦੀ ਕੁੱਲ ਗਿਣਤੀ ਕਿੰਨੀ ਹੈ;

ਅ) ਬਿਨੈਕਾਰਾਂ ਨੂੰ ਇਹ ਅਦਾਇਗੀਆਂ ਕਦੋਂ ਤੱਕ ਵੰਡ ਦਿੱਤੇ ਜਾਣ ਦੀ ਸੰਭਾਵਨਾ ਹੈ?

## ਪੇਂਡੂ ਖੇਤਰ ਦੇ ਛੱਪੜਾਂ ਤੋਂ ਨਜਾਇਜ ਕਬਜ਼ੇ ਹਟਾਉਣਾ

137. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੇਂਡੂ ਖੇਤਰ ਦੇ ਛੱਪੜਾਂ ਦਾ ਰਕਬਾ ਕਿੰਨਾ ਹੈ ਅਤੇ ਕਿੰਨੇ ਰਕਬੇ ਤੇ ਨਜਾਇਜ ਕਬਜੇ ਹਨ;

ਅ) ਕੀ ਛੱਪੜਾਂ ਤੋਂ ਨਜਾਇਜ ਕਬਜੇ ਦੂਰ ਕਰਨ ਲਈ ਪੰਜਾਬ ਸਰਕਾਰ ਕੋਈ ਉਪਰਾਲੇ ਕਰ ਰਹੀ ਹੈ?

## ਕਤਲ ਕੇਸਾਂ ਦਾ ਵੇਰਵਾ

138. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਵਿਚ ਫਰਵਰੀ 2017 ਤੋਂ ਲੈ ਕੇ ਹੁਣ ਤੱਕ ਕਿੰਨੇ ਵਿਅਕਤੀ ਕਤਲ ਹੋਏ ਹਨ; ਉਨ੍ਹਾਂ ਦੇ ਜ਼ਿਲ੍ਹਾ ਵਾਇਜ ਆਂਕੜੇ ਦਿੱਤੇ ਜਾਣ;

ਅ) ਉਪਰੋਕਤ ਭਾਗ (ੳ) ਵਿਚ ਦਰਜ ਕਤਲ ਕੇਸਾਂ ਵਿੱਚ ਨਾਮਜਦ ਕਾਤਲਾਂ ਵਿਚੋਂ ਕਿੰਨੇ ਵਿਅਕਤੀ ਗਿਰਫਤਾਰ ਕੀਤੇ ਜਾ ਚੁੱਕੇ ਹਨ, ਕੇਸ ਵਾਇਜ ਵੇਰਵੇ ਦੱਸੇ ਜਾਣ;

ੲ) ਜਿਨ੍ਹਾਂ ਕੇਸਾਂ ਵਿਚ ਅਜੇ ਤੱਕ ਕਤਲ ਕਰਨ ਵਾਲੇ ਨਾਮਜਦ ਵਿਅਕਤੀ ਗਿਰਫਤਾਰ ਨਹੀਂ ਕੀਤੇ ਗਏ ਉਨ੍ਹਾਂ ਕੇਸਾਂ ਵਿਚ ਪੰਜਾਬ ਸਰਕਾਰ ਕੀ ਕਦਮ ਉਠਾ ਰਹੀ ਹੈ?

## ਧਰਮੀ ਫੌਜੀਆਂ ਨੂੰ ਮਾਲੀ ਸਹਾਇਤਾ ਦੇਣਾ

139. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਵਿਚ 319 ਧਰਮੀ ਫੌਜੀ ਆਪਣੀਆਂ ਨੌਕਰੀਆਂ ਛੱਡ ਕੇ ਆ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਪੰਜਾਬ ਸਰਕਾਰ ਨੇ ਹੁਣ ਤੱਕ ਉਨ੍ਹਾਂ ਦੀ ਕੀ ਮਾਲੀ ਸਹਾਇਤਾ ਕੀਤੀ ਹੈ; ਹਰੇਕ ਬਾਰੇ ਵੇਰਵੇ ਦਿੱਤੇ ਜਾਣ ਜੀ;

ਅ) ਜਿਹੜੇ ਧਰਮੀ ਫੌਜੀਆਂ ਨੂੰ ਅਜੇ ਤੱਕ ਮਾਲੀ ਸਹਾਇਤਾ ਨਹੀਂ ਦਿੱਤੀ ਗਈ, ਉਨ੍ਹਾਂ ਨੂੰ ਮਾਲੀ ਸਹਾਇਤਾ ਕਦੋਂ ਤੱਕ ਦੇ ਦਿੱਤੀ ਜਾਵੇਗੀ?

## ਸਰਕਾਰੀ ਹਸਪਤਾਲਾਂ ਦੀ ਗਿਣਤੀ

140. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਵਿਚ ਕਿੰਨੇ ਸਰਕਾਰੀ ਹਸਪਤਾਲ ਹਨ ਅਤੇ ਉਨਾਂ ਵਿਚੋਂ ਕਿੰਨੇ ਹਸਪਤਾਲਾਂ ਵਿਚ ਗਰਭਵਤੀ ਔਰਤਾਂ ਦੀ ਡਲਿਵਰੀ ਕਰਨ ਦਾ ਪ੍ਰਬੰਧ ਹੈ, ਸੂਚੀ ਦਿੱਤੀ ਜਾਵੇ;

ਅ) ਉਪਰੋਕਤ ਭਾਗ (ੳ) ਵਿਚ ਦਰਜ ਹਸਪਤਾਲ ਜਿਨ੍ਹਾਂ ਵਿਚ ਗਰਭਵਤੀ ਔਰਤਾਂ ਦੀ ਡਲਿਵਰੀ ਕਰਨ ਦਾ ਪ੍ਰਬੰਧ ਹੈ, ਵਿਚੋਂ ਕਿੰਨਿਆ ਹਸਪਤਾਲਾਂ ਵਿਚ ਨਵੇਂ ਜੰਮੇ ਬੱਚਿਆਂ ਦੀ ਦੇਖਭਾਲ ਲਈ ਚਾਈਲਡ ਸਪੈਸ਼ਲਿਸਟ ਡਾਕਟਰ ਤਾਇਨਾਤ ਹਨ ਅਤੇ ਕਿੰਨਿਆਂ ਵਿੱਚ ਨਹੀਂ ਹਨ;

ੲ) ਜਿਨ੍ਹਾਂ ਸਰਕਾਰੀ ਹਸਪਤਾਲਾਂ ਵਿਚ ਚਾਈਲਡ ਸਪੈਸ਼ਲਿਸਟ ਡਾਕਟਰ ਨਹੀਂ ਹੈ ਉਥੇ ਨਵੇਂ ਜੰਮੇ ਬੱਚਿਆਂ ਨੂੰ ਡਾਕਟਰੀ ਸਹਾਇਤਾ ਦੇਣ ਲਈ ਪੰਜਾਬ ਸਰਕਾਰ ਵਲੋਂ ਕੀ ਵਿਵਸਥਾ ਕੀਤੀ ਗਈ ਹੈ?

## ਰਾਜ ਵਿਚ ਸ਼ਰਾਬ ਤੇ ਵਸੂਲ ਕੀਤੇ ਐਜੂਕੇਸ਼ਨ ਸੈੱਸ ਦਾ ਵੇਰਵਾ

148. **ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿਚ ਸ਼ਰਾਬ ਤੇ ਐਜੂਕੇਸ਼ਨ ਸੈੱਸ ਵਸੂਲ ਕੀਤਾ ਜਾਂਦਾ ਹੈ; ਜੇਕਰ ਅਜਿਹਾ ਹੈ ਤਾਂ ਮਾਰਚ 2007 ਤੋਂ 31/1/2018 ਤੱਕ ਕਿੰਨਾਂ ਸੈੱਸ ਵਸੂਲ ਹੋਇਆ ਅਤੇ ਇਹ ਕਿਸ-ਕਿਸ ਕੰਮ ਲਈ ਇਸਤੇਮਾਲ ਕੀਤਾ ਗਿਆ?

## ਰਾਜਪੁਰਾ ਸਬ-ਡਵੀਜਨ ਵਿੱਚ ਆਰ.ਓ. ਪਲਾਂਟਾਂ ਦੀ ਗਿਣਤੀ

149. **ਸ਼੍ਰੀ ਮਦਨ ਲਾਲ ਜਲਾਲਪੁਰ, ਐਮ.ਐਲ.ਏ.** :- ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜਪੁਰਾ ਸਬ-ਡਵੀਜਨ (ਜਲ ਸਪਲਾਈ) ਵਿੱਚ ਸਾਲ 2012 ਤੋਂ ਹੁੱਣ ਤੱਕ ਕਿੰਨੇ ਆਰ.ਓ. ਲੱਗੇ ਹਨ; ਇਨ੍ਹਾਂ ਵਿਚੋਂ ਕਿੰਨੇ ਪਲਾਂਟ ਚੱਲ ਰਹੇ ਹਨ ਅਤੇ ਬੰਦ ਪਏ ਪਲਾਂਟਾਂ ਦੇ ਨਾ ਚੱਲਣ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਚਾਲੂ ਕਰਵਾ ਦਿੱਤਾ ਜਾਵੇਗਾ;

ਅ) ਇਸ ਸਬੰਧੀ ਕਿੰਨੀ ਅਦਾਇਗੀ ਕੀਤੀ ਗਈ ਹੈ ਅਤੇ ਕਿੰਨੀ ਬਕਾਇਆ ਹੈ?

ਪਰਤੋਂ ਜੀ....

## ਡੀ.ਐਮ.ਆਈ ਸਕੀਮ ਤਹਿਤ ਅਨਾਜ ਮੰਡੀ ਵਿਚ ਲਗਾਏ ਗਏ ਵੇਅ-ਬ੍ਰਿਜ ਦੀ ਗਿਣਤੀ

150. **ਸ਼੍ਰੀ ਅਮਨ ਅਰੋੜਾ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਡੀ.ਐਮ.ਆਈ ਸਕੀਮ ਦੇ ਤਹਿਤ 2011 ਤੋਂ ਅੱਜ ਤੱਕ ਪੰਜਾਬ ਮੰਡੀ ਬੋਰਡ ਵਲੋਂ ਸੂਬੇ ਦੀ ਕਿਹੜੀ-ਕਿਹੜੀ ਅਨਾਜ ਮੰਡੀ ਵਿਚ ਕੁੱਲ ਕਿੰਨੇ ਵੇਅ-ਬ੍ਰਿਜ (ਕੰਡੇ) ਲਗਾਏ ਗਏ ਹਨ ਅਤੇ ਇਸ ਲਈ ਪ੍ਰਤੀ ਵੇਅ-ਬ੍ਰਿਜ ਕਿੰਨੇ ਖਰਚ ਦਾ ਕੁੱਲ ਪ੍ਰੋਜੈਕਟ ਅਪਰੂਵ ਹੋਇਆ ਹੈ;

ਅ) ਵੇਅ-ਬ੍ਰਿਜ ਸੜਕ ਤੇ ਲਗਾਉਣ ਦੀ ਸੂਰਤ ਵਿਚ ਤਕਨੀਕੀ ਅਤੇ ਯੋਜਨਾਬੰਦੀ ਸਬੰਧੀ ਰੂਲਾਂ ਅਨੁਸਾਰ ਸੜਕ ਦੀ ਘੱਟ ਤੋਂ ਘੱਟ ਚੋੜਾਈ ਕਿੰਨੀ ਹੋਣੀ ਚਾਹੀਦੀ ਹੈ;

ੲ) ਮੰਡੀ ਬੋਰਡ ਵੱਲੋਂ ਠੇਕੇਦਾਰ ਨੂੰ ਪ੍ਰਤੀ ਵੇਅ-ਬ੍ਰਿਜ ਕਿੰਨਾਂ ਭੁਗਤਾਨ ਕੀਤਾ ਗਿਆ;

ਸ) ਇਹਨਾਂ ਵੇਅ-ਬ੍ਰਿਜਾਂ ਵਿਚੋਂ ਕਿੰਨੇ ਅਤੇ ਕਿਹੜੇ-ਕਿਹੜੇ ਵੇਅ-ਬ੍ਰਿਜ ਇਸ ਸਮੇਂ ਕਾਰਜਸ਼ੀਲ ਹਨ ਅਤੇ ਕਿਹੜੇ-ਕਿਹੜੇ ਵੇਅ-ਬ੍ਰਿਜ ਤੇ ਕਿਸਾਨ ਭਰਾਵਾਂ ਦੀ ਕਿਹੜੀ-ਕਿਹੜੀ ਫਸਲ ਦਾ ਫਰੀ ਤੋਲ ਕੀਤਾ ਗਿਆ;

ਹ) ਫਰੀਦਕੋਟ ਵਿਚ ਲੱਗੇ ਵੇਅ-ਬ੍ਰਿਜ ਸਮੇਤ ਇਹ ਸਾਰੇ ਵੇਅ-ਬ੍ਰਿਜ ਕਿੰਨੀ ਲੀਜ਼ ਤੇ ਦਿੱਤੇ ਗਏ ਅਤੇ ਫਰੀਦਕੋਟ ਵਿਚ ਬੋਰਡ ਵੱਲੋਂ ਪਹਿਲਾਂ ਤੋਂ ਮੌਜੂਦ ਕੰਡਾ ਉਸ ਸਮੇਂ (2011-12) ਵਿਚ ਕਿੰਨੀ ਲੀਜ਼ ਤੇ ਦਿਤਾ ਗਿਆ ਸੀ?

## ਪੰਜਾਬ ਵਿੱਚ ਮਿਡਲ ਸਕੂਲਾਂ ਦੀ ਗਿਣਤੀ

151. **ਸ਼੍ਰੀ ਅਮਨ ਅਰੋੜਾ, ਐਮ.ਐਲ.ਏ.**- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਪੰਜਾਬ ਵਿਚ ਇਸ ਸਮੇਂ ਕਿੰਨੇ ਮਿਡਲ (6ਵੀਂ ਤੋਂ 8ਵੀਂ ਕਲਾਸ) ਸਕੂਲ ਹਨ;

ਅ) ਕੀ ਇਨਾਂ ਸਾਰੇ ਸਕੂਲਾਂ ਵਿਚ ਬੱਚਿਆਂ ਦੇ ਪੀਣ ਲਈ ਸਾਫ ਅਤੇ ਸੁੱਧ (ਆਰ.ਓ. ਵਾਟਰ) ਪਾਣੀ ਉਪਲਬੱਧ ਹੈ; ਜੇਕਰ ਨਹੀਂ ਤਾਂ ਕਿਨਿਆਂ ਵਿਚ ਨਹੀਂ ਹੈ;

ੲ) ਕੀ ਇਨ੍ਹਾਂ ਸਾਰੇ ਸਕੂਲਾਂ ਵਿਚ ਬੱਚਿਆਂ ਦੇ ਖੇਡਣ ਲਈ ਖੇਡ ਮੈਦਾਨ ਹਨ, ਜੇਕਰ ਨਹੀਂ ਤਾਂ ਕਿਨਿਆਂ ਵਿਚ ਨਹੀਂ ਹੈ;

ਸ) ਕੀ ਇਨ੍ਹਾਂ ਸਾਰੇ ਸਕੂਲਾਂ ਵਿਚ ਬੱਚਿਆਂ ਦੇ ਪੜਨ ਲਈ ਲਾਇਬ੍ਰੇਰੀ ਹੈ, ਜੇਕਰ ਨਹੀਂ ਹਾਂ ਕਿੰਨਿਆਂ ਵਿਚ ਨਹੀਂ ਹੈ ਅਤੇ ਇਨ੍ਹਾਂ ਸਕੂਲ ਦੀਆਂ ਲਾਇਬ੍ਰੇਰੀਆਂ ਵਿਚ ਕਿਤਾਬਾਂ ਆਦਿ ਲਈ ਆਖਰੀ ਵਾਰ ਸਰਕਾਰ ਵੱਲੋਂ ਗਰਾਂਟ ਕਦੋਂ ਅਤੇ ਕਿੰਨੀ ਦਿੱਤੀ ਗਈ ਸੀ;

ਹ) ਇਨ੍ਹਾਂ ਸਾਰੇ ਮਿਡਲ ਸਕੂਲਾਂ ਵਿਚ ਫੁੱਲ-ਟਾਇਮ ਹੈੱਡ ਟੀਚਰ/ਪ੍ਰਿੰਸੀਪਲ, ਹਿਸਾਬ ਅਤੇ ਇੰਗਲਿਸ਼ ਵਿਸ਼ਿਆਂ ਦੇ ਟੀਚਰ ਕਿੰਨੇ ਹਨ?

## ਨਸ਼ਾ ਮੁਕਤੀ/ਮੁੜ ਵਸੇਬਾ ਬੋਰਡ ਦੀ ਸਥਾਪਨਾ

152. **ਸ਼੍ਰੀ ਅਮਨ ਅਰੋੜਾ, ਐਮ.ਐਲ.ਏ.**- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਪੰਜਾਬ ਸਰਕਾਰ ਵਲੋਂ ਕੋਈ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਬੋਰਡ ਸਥਾਪਿਤ ਕੀਤਾ ਗਿਆ ਹੈ; ਜੇਕਰ ਹਾਂ ਤਾਂ ਕਦੋਂ;

ਅ) ਇਸ ਬੋਰਡ ਦੇ ਸਮੇਂ-ਸਮੇਂ ਤੇ ਰਹੇ ਚੇਅਰਮੈਨ ਅਤੇ ਮੈਂਬਰਾਂ ਦਾ ਵੇਰਵਾ ਕੀ ਹੈ; ਅਤੇ ਹੁੱਣ ਤੱਕ ਇਸ ਬੋਰਡ ਵੱਲੋਂ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਕੇਂਦਰਾਂ ਲਈ ਕਿੰਨੀਆਂ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ;

ੲ) ਸਰਕਾਰੀ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਕੇਂਦਰ ਉਪਰ ਸ਼ੁਰੂ ਤੋਂ ਵਿਤੀ ਸਾਲਾਂ ਮੁਤਾਬਿਕ ਕਿੰਨੇ-ਕਿੰਨੇ ਪੈਸੇ ਦੀ ਐਲੋਕੇਸ਼ਨ ਹੋਈ ਅਤੇ ਉਸ ਵਿਚੋਂ ਕਿੰਨਾਂ-ਕਿੰਨਾਂ ਪੈਸਾ ਇਸ ਮਕਸਦ ਉੱਤੇ ਖਰਚ ਕੀਤਾ ਗਿਆ;

ਹ) ਮੌਜੂਦਾ ਪੰਜਾਬ ਸਰਕਾਰ ਵੱਲੋਂ ਪਿਛਲੇ 5 ਸਾਲਾਂ ਦੌਰਾਨ ਸਰਕਾਰੀ ਅਤੇ ਗੈਰ ਸਰਕਾਰੀ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਕੇਂਦਰ ਖੋਲ੍ਹੇ ਜਾਣ ਦਾ ਸ਼ਹਿਰ/ਸਥਾਨ ਮੁਤਾਬਿਕ ਵੇਰਵਾ ਦਿੱਤਾ ਜਾਵੇ;

ਕ) ਪਿੱਛਲੇ 5 ਸਾਲਾਂ ਵਿੱਚ ਸਰਕਾਰੀ ਅਤੇ ਗੈਰ ਸਰਕਾਰੀ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਸੈਂਟਰਾਂ ਵਿੱਚ ਨਸ਼ੇ ਨਾਲ ਗ੍ਰਸਤ ਕਿੰਨੇ ਮਰੀਜ਼ਾਂ ਦਾ ਇਲਾਜ ਕੀਤਾ ਗਿਆ, ਨਸ਼ੇ ਨਾਲ ਪੀੜ੍ਹਤ ਮਰੀਜਾਂ ਦੀ ਗਿਣਤੀ ਅਤੇ ਸਰਕਾਰੀ ਨਸ਼ਾ ਕੇਂਦਰ ਉਪਰ 5 ਸਾਲਾਂ ਵਿੱਚ ਖਰਚ ਕੀਤੀ ਗਈ ਕੁੱਲ ਰਕਮ ਦਾ ਵੇਰਵਾ ਕੀ ਹੈ?

ਚੰਡੀਗੜ੍ਹ
ਮਿਤੀ 19 ਮਾਰਚ, 2018

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।